# ਇਸ ਸਾਰੇ ਕੁਝ ਨੂੰ ਸਮਝਣਾ ਚਾਹੁੰਦੇ ਹੋ?



GameSense

Want to make sense of it all [Punjabi]

bclc
playing it right

## ਤੁਹਾਡਾ ਸੈਂਟਰ

ਗੇਮਸੈਂਸ ਇਨਫੋ ਸੈਂਟਰ (ਸਿਆਣਪ ਨਾਲ ਜੂਏਬਾਜ਼ੀ ਕਰਨ ਬਾਰੇ ਜਾਣਕਾਰੀ ਦੇਣ ਵਾਲੇ ਸੈਂਟਰ), ਲਾਹੇਵੰਦ ਛੋਟੀਆਂ ਥਾਂਵਾਂ ਹਨ ਜਿੱਥੇ ਤੁਸੀਂ ਜੂਏਬਾਜ਼ੀ ਨੂੰ ਸੁਰੱਖਿਅਤ ਬਣਾਉਣ ਅਤੇ ਇਸ ਨੂੰ ਸੁਗਲ ਰੱਖਣ ਲਈ ਵੱਖ ਵੱਖ ਸ੍ਰੋਤ ਅਤੇ ਜੁਗਤਾਂ ਦੇਖ ਸਕਦੇ ਹੋ। ਇਹ ਸੈਂਟਰ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਕਾਸੀਨੋਆਂ ਅਤੇ ਜੂਏਬਾਜ਼ੀ ਦੇ ਸੈਂਟਰਾਂ ਵਿਚ ਹਨ।

ਜੂਏਬਾਜ਼ੀ (ਗੇਮਿੰਗ) ਦੇ ਸਥਾਨ ਮੁਤਾਬਕ ਗੇਮਸੈਂਸ ਇਨਫੋ ਸੈਂਟਰ ਪੂਰੀ ਤਰ੍ਹਾਂ ਇੰਟਰਐਕਟਿਵ ਹੋ ਸਕਦੇ ਹਨ ਜਿੱਥੇ ਤੁਸੀਂ ਆਪਣੇ ਆਪ ਜਾਣਕਾਰੀ ਲੈ ਸਕੋ, ਜਾਂ ਉੱਥੇ ਕੋਈ ਦੋਸਤਾਨਾ ਅਤੇ ਗਿਆਨਵਾਨ ਗੇਮਸੈਂਸ ਸਲਾਹਕਾਰ ਮੌਜੂਦ ਹੋ ਸਕਦਾ ਹੈ ਜੋ ਤੁਹਾਨੂੰ ਬਹੁਤ ਸਾਰੇ ਵਸੀਲਿਆਂ ਬਾਰੇ ਦੱਸ ਸਕਦਾ ਹੈ।

## ਤੁਹਾਡੀਆਂ ਸੇਵਾਵਾਂ

ਜੂਆ ਖੇਡਣ ਦਾ ਫੈਸਲਾ ਕਰਨਾ ਤੁਹਾਡੀ ਨਿੱਜੀ ਚੋਣ ਹੈ। ਗੇਮਸੈਂਸ ਇਸ ਚੋਣ ਨੂੰ ਜਾਣਕਾਰੀ ਲੈ ਕੇ ਕੀਤੀ ਜਾਣ ਵਾਲੀ ਚੋਣ ਬਣਾਉਣਾ ਹੈ। ਜੂਆ ਖੇਡਣ, ਜਿੱਤਣ ਅਤੇ ਹਾਰਨ ਦੇ ਮੌਕਿਆਂ, ਅਨਿਸ਼ਚਤਤਾ (ਰੈਂਡਮਨੈੱਸ) ਅਤੇ ਫਰਮ ਨੂੰ ਫਾਇਦਿਆਂ ਬਾਰੇ ਤੁਹਾਨੂੰ ਜੋ ਵੀ ਜਾਣਨ ਦੀ ਲੋੜ ਹੈ ਉਹ ਸੈਂਟਰਾਂ ਵਿਚ ਮੌਜੂਦ ਹੈ। ਇਸ ਦੇ ਨਾਲ ਹੀ ਜੂਏਬਾਜ਼ੀ ਨਾਲ ਜੁੜੇ ਹੋਏ ਖਤਰਿਆਂ ਬਾਰੇ ਜਾਣਕਾਰੀ ਵੀ ਹੈ ਅਤੇ ਮਦਦ ਕਰਨ ਵਾਲੀਆਂ ਮੁਫਤ ਅਤੇ ਗੁਪਤ ਸੇਵਾਵਾਂ ਵੀ ਲਈਆਂ ਜਾ ਸਕਦੀਆਂ ਹਨ ਜੇ ਜੂਏਬਾਜ਼ੀ ਹੁਣ ਸੁਗਲ ਨਾ ਰਹੇ।

ਗੇਮਸੈਂਸ ਇਨਫੋ ਸੈਂਟਰ ਸਿੱਖਣ ਵਾਲੇ ਕਈ ਜ਼ਰੀਏ ਪੇਸ਼ ਕਰਦਾ ਹੈ:

- ਟੱਚ ਸਕਰੀਨ ਟਰਮੀਨਲ 'ਤੇ ਆਪਣਾ ਗਿਆਨ ਟੈੱਸਟ ਕਰੋ
- ਸਲੌਟ ਮਸ਼ੀਨ ਦੇ ਅੰਦਰੂਨੀ ਕਾਰਜ ਬਾਰੇ ਸਿੱਖੋ
- ਕੁਝ ਖਾਸ ਵੈੱਬਸਾਈਟ ਚੈੱਕ ਕਰੋ ਜਾਂ ਜਾਣਕਾਰੀ
- ਦੇਣ ਵਾਲਾ ਕੋਈ ਬਰੋਸ਼ਰ ਹੀ ਲਵੋ।

## ਤੁਹਾਡਾ ਸਲਾਹਕਾਰ

ਕਾਸੀਨੋਆਂ ਵਿਚ ਸਥਿਤ ਗੇਮਸੈਂਸ ਇਨਫੋ ਸੈਂਟਰਾਂ ਵਿਚ ਸਿਆਣਪ ਨਾਲ ਜੂਏਬਾਜ਼ੀ ਕਰਨ ਬਾਰੇ ਸਲਾਹਕਾਰ ਹਨ, ਜਿਨ੍ਹਾਂ ਨੇ ਜੂਏਬਾਜ਼ੀ ਨੂੰ ਸੁਰੱਖਿਅਤ ਅਤੇ ਸੁਗਲ ਰੱਖਣ ਲਈ ਪੇਸ਼ਾਵਰ ਤੌਰ 'ਤੇ ਸਿਖਲਾਈ ਲਈ ਹੋਈ ਹੁੰਦੀ ਹੈ।

- ਆਪਣੀ ਪਸੰਦ ਦੀ ਕਿਸੇ ਗੇਮ ਵਿਚ ਜਿੱਤਣ ਦੇ ਮੌਕਿਆਂ ਬਾਰੇ ਕੀ ਤੁਹਾਡਾ ਕੋਈ ਸੁਆਲ ਹੈ?
- ਕੀ ਤੁਸੀਂ ਇਹ ਸੋਚ ਰਹੇ ਹੋ ਕਿ ਕਿਸੇ ਜਾਦੂ ਨਾਲ ਤੁਹਾਡੇ ਜਿੱਤਣ ਦੇ ਮੌਕਿਆਂ 'ਤੇ ਅਸਰ ਪੈ ਸਕਦਾ ਹੈ?

ਗੇਮਸੈਂਸ ਸਲਾਹਕਾਰ, ਤੁਹਾਡੇ ਕਿਸੇ ਵੀ ਉਸ ਸਵਾਲ ਦਾ ਜਵਾਬ ਦੇਣਗੇ ਜਿਹੜਾ ਜੂਏਬਾਜ਼ੀ ਅਤੇ ਇਸ ਨਾਲ ਸੰਬੰਧਿਤ ਹੋਰ ਵਿਸ਼ਿਆਂ ਬਾਰੇ ਕੁਝ ਆਮ ਗਲਤ ਧਾਰਨਾਵਾਂ ਬਾਰੇ ਤੁਹਾਡੇ ਹੋ ਸਕਦੇ ਹਨ।

ਉਨ੍ਹਾਂ ਕੋਲ ਜੂਏਬਾਜ਼ੀ ਦੀਆਂ ਸਮੱਸਿਆਵਾਂ ਵਾਲੇ ਗਾਹਕਾਂ ਬਾਰੇ ਕੁਝ ਕਰਨ ਦੀ ਵੀ ਸੂਝ ਹੁੰਦੀ ਹੈ ਅਤੇ ਉਹ ਪੇਸ਼ਾਵਰ ਸਲਾਹ-ਮਸ਼ਵਰੇ ਦੀਆਂ ਮੁਫਤ ਸੇਵਾਵਾਂ ਬਾਰੇ ਦੱਸਦੇ ਹਨ ਜਾਂ ਬੀ ਸੀ ਐੱਲ ਸੀ ਦੇ ਆਪਣੀ ਮਰਜ਼ੀ ਨਾਲ ਜੂਏਬਾਜ਼ੀ ਵਿੱਚੋਂ ਬਾਹਰ ਰਹਿਣ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹਨ।

## ਤੁਹਾਡਾ ਗਿਆਨ

ਤੁਸੀਂ ਜਿੰਨਾ ਜ਼ਿਆਦਾ ਜਾਣਦੇ ਹੋਵੋਗੇ, ਓਨੇ ਜ਼ਿਆਦਾ ਹੀ ਤੁਸੀਂ ਇਸ ਨੂੰ ਇਕ ਸੁਗਲ ਰੱਖਣ ਦੇ ਕਾਬਲ ਹੋਵੋਗੇ। ਇਸ ਕਰਕੇ ਹੀ ਗੇਮਸੈਂਸ ਇਨਫੋ ਸੈਂਟਰ 'ਤੇ ਜਾਣਾ ਸੂਝ ਵਾਲੀ ਗੱਲ ਹੈ।

ਇੱਥੇ ਤੁਹਾਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਮਿਲੇਗੀ:

- ਜੂਏਬਾਜ਼ੀ (ਗੈਂਬਲਿੰਗ) ਨੂੰ ਇਕ ਸੁਗਲ ਰੱਖਣ ਲਈ ਜੁਗਤਾਂ
- ਜਿੱਤਣ ਅਤੇ ਹਾਰਨ ਦੇ ਮੌਕੇ
- ਗੇਮਾਂ ਕਿਵੇਂ ਕੰਮ ਕਰਦੀਆਂ ਹਨ
- ਅਨਿਸ਼ਚਤਤਾ (ਰੈਂਡਮਨੈੱਸ) ਦਾ ਸੰਕਲਪ
- ਫਰਮ ਨੂੰ ਲਾਭ
- ਜੂਏਬਾਜ਼ੀ ਨਾਲ ਜੁੜੀਆਂ ਮਿੱਥਾਂ
- ਸਮੱਸਿਆ ਵਾਲੀ ਜੂਏਬਾਜ਼ੀ ਵਿਚ ਮਦਦ ਅਤੇ ਰੈਫਰੈਲ



ਹੋਰ ਪਤਾ ਲਾਉ...

engage your GameSense.ca